**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ**
**ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)**
**ਪੰਜਵੀਂ ਮੰਜ਼ਿਲ, ਈ ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼ 8 ਮੋਹਾਲੀ (ਅਜੀਤਗੜ੍ਹ)**

ਵੱਲ

ਸਮੂਹ ਸਕੂਲ ਮੁਖੀ ਸੀਨੀਅਰ ਸੈਕੰਡਰੀ, ਹਾਈ, ਮਿਡਲ, ਪ੍ਰਾਇਮਰੀ ਸਕੂਲ,
ਪੰਜਾਬ।

ਮੀਮੋ ਨੰ.: ਸ.ਸ.ਅ/ ਏ.ਐਸ.ਪੀ.ਡੀ (ਪ੍ਰਾ.ਸਿ.)/2013/8580
ਮਿਤੀ,ਅਜੀਤਗੜ੍ਹ: 09.05.2013

**ਵਿਸ਼ਾ: ਰਾਜ ਦੇ ਸਮੂਹ ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਸਕੂਲਾਂ ਦੁਆਰਾ ਕੰਧ ਪੱਤ੍ਰਿਕਾ ਸ਼ੁਰੂ ਕਰਨ ਸਬੰਧੀ।**

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

**2.0** ਆਪ ਵੱਲੋਂ ਆਪਣੇ ਸਕੂਲ ਵਿਚ ਕੱਢੇ ਮੈਗਜ਼ੀਨਾਂ ਦਾ ਉਪਰਾਲਾ ਸ਼ਲਾਘਾਯੋਗ ਹੈ ਜਿਸ ਨਾਲ ਬੱਚਿਆਂ ਦੀ ਸਿਰਜਣਾਤਮਕ ਪ੍ਰਤਿਭਾ ਨੂੰ ਨਿਖਾਰਨ ਪੱਖੋਂ ਸਲਾਹੁਣਯੋਗ ਕੰਮ ਹੋਇਆ ਹੈ। ਪਰ ਨਾਲ ਹੀ ਇਹ ਵੀ ਵੇਖਣ ਵਿਚ ਆਇਆ ਹੈ ਕਿ ਇਹਨਾਂ ਮੈਗਜ਼ੀਨਾਂ ਵਿਚ ਸਕੂਲ ਦੇ ਸਾਰੇ ਬੱਚਿਆਂ ਦੀਆਂ ਰਚਨਾਵਾਂ ਨੂੰ ਛਪਣ ਲਈ ਥਾਂ ਉਪਲਬਧ ਨਹੀਂ ਹੁੰਦੀ ਜਦਕਿ ਬੱਚੇ ਆਪਣੀਆਂ ਰਚਨਾਵਾਂ ਅਤੇ ਕਲਾ ਕ੍ਰਿਤਾਂ ਰਾਹੀਂ ਬਹੁਤ ਕੁਝ ਬਿਆਨ ਕਰਨਾ ਚਾਹੁੰਦੇ ਹਨ।

**3.0** ਇਸ ਸਬੰਧ ਵਿਚ ਬਹੁਤ ਸਾਰੇ ਸਕੂਲ ਮੁਖੀਆਂ ਵੱਲੋਂ ਆਪਣੇ ਸਕੂਲਾਂ ਅੰਦਰ ਇਕ ਬੋਰਡ ਲਗਾ ਕੇ ਇਸ ਬੋਰਡ ਤੇ ਬੱਚਿਆਂ ਦੀਆਂ ਹੱਥ ਲਿਖਤ ਰਚਨਾਵਾਂ ਛਾਪਣ ਦਾ ਉਪਰਾਲਾ ਕੀਤਾ ਗਿਆ ਹੈ। ਤਾਂ ਜੋ ਸਾਰੇ ਬੱਚਿਆਂ ਨੂੰ ਆਪਣੀ ਪ੍ਰਤਿਭਾ ਨੂੰ ਪ੍ਰਗਟਾਉਣ ਦਾ ਮੌਕਾ ਮਿਲ ਸਕੇ। ਅਜਿਹੇ ਸਕੂਲ ਮੁਖੀਆਂ ਵੱਲੋਂ ਹੀ ਇਸ ਦਫ਼ਤਰ ਨੂੰ ਇਹ ਸੁਝਾਅ ਪ੍ਰਾਪਤ ਹੋਇਆ ਹੈ ਕਿ ਹਰ ਸਕੂਲ ਵਿਚ ਇਸ ਨੂੰ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਬੱਚਿਆਂ ਅੰਦਰਲੀ ਛੁਪੀ ਪ੍ਰਤਿਭਾ ਨੂੰ ਨਿਖਾਰਨ ਲਈ ਉਤਸ਼ਾਹ ਮਿਲਦਾ ਹੈ। ਬੋਰਡ ਉਪਰ ਬੱਚਿਆਂ ਦੀਆਂ ਹੱਥ ਲਿਖਤ ਰਚਨਾਵਾਂ ਵਿਚ ਕਵਿਤਾ, ਕਹਾਣੀ, ਲੇਖ, ਸੁੰਦਰ ਲਿਖਾਈ, ਗਿਆਨ ਵਿਗਿਆਨ, ਪ੍ਰੇਰਕ ਪ੍ਰਸੰਗ, ਚਿੱਤਰਕਾਰੀ ਅਤੇ ਵਿੱਦਿਅਕ ਕੈਲੰਡਰ ਅਨੁਸਾਰ ਵਿਸ਼ੇਸ਼ ਦਿਵਸ ਆਦਿ ਬਾਰੇ ਕੋਈ ਵੀ ਵੰਨਗੀ ਸ਼ਾਮਿਲ ਕੀਤੀ ਜਾ ਸਕਦੀ ਹੈ। ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਇਸ ਬੋਰਡ ਉਪਰ ਹਰੇਕ ਬੱਚੇ ਨੂੰ ਆਪਣੀ ਸਿਰਜਣਾਤਮਕ ਪ੍ਰਤਿਭਾ ਉਭਾਰਨ ਦਾ ਮੌਕਾ ਮਿਲੇ ਅਤੇ ਹਰੇਕ ਬੱਚਾ ਇਸ ਵਿਚ ਭਾਗ ਲਵੇ।

**4.0** ਬੱਚਿਆਂ ਦੀਆਂ ਲਿਖੀਆਂ ਰਚਨਾਵਾਂ ਨੂੰ ਬੋਰਡ ਤੇ ਘੱਟੋ-ਘੱਟ ਹਫਤਾ ਜਾਂ ਪੰਦਰਾਂ ਦਿਨ ਲਈ ਲੱਗਿਆ ਰਹਿਣ ਦਿੱਤਾ ਜਾਵੇ। ਨਵੀਆਂ ਰਚਨਾਵਾਂ ਲਗਾਉਣ ਤੋਂ ਪਹਿਲਾਂ ਪੁਰਾਣੀਆਂ ਸਾਰੀਆਂ ਰਚਨਾਵਾਂ ਨੂੰ ਸਾਂਭ ਕੇ ਰੱਖਿਆ ਜਾਵੇ ਅਤੇ ਇਸ ਤੋਂ ਬਾਅਦ ਸਕੂਲ ਵੱਲੋਂ ਜਦੋਂ ਵੀ ਛਿਮਾਹੀ ਜਾਂ ਸਲਾਨਾ ਆਪਣਾ ਮੈਗਜ਼ੀਨ ਪ੍ਰਕਾਸ਼ਿਤ ਕੀਤਾ ਜਾਵੇ ਤਾਂ ਇਹਨਾਂ ਰਚਨਾਵਾਂ ਨੂੰ ਮੈਗਜ਼ੀਨ ਵਿਚ ਛਾਪਿਆ ਜਾਵੇ।

**5.0** ਬੋਰਡ ਉਪਰ ਬੱਚਿਆਂ ਦੀਆਂ ਹੱਥ ਲਿਖਤ ਮੌਲਿਕ ਰਚਨਾਵਾਂ ਰਾਹੀਂ ਬੱਚੇ ਦੀ ਰਚਨਾਤਮਕ ਪ੍ਰਤਿਭਾ ਨੂੰ ਉਭਾਰਨ ਪੱਖੋਂ ਅਤੇ ਉਸਦੀਆਂ ਪੜ੍ਹਨ ਰੁਚੀਆਂ ਨੂੰ ਵਿਕਸਿਤ ਕਰਨ ਪੱਖੋਂ ਇਹ ਉਪਰਾਲਾ ਬੱਚਿਆਂ ਲਈ ਮਦਦਗਾਰ ਸਾਬਤ ਹੋਵੇਗਾ।

**6.0** ਰਚਨਾਵਾਂ ਵਾਲੇ ਬੋਰਡ ਨੂੰ ਸਕੂਲ ਲਾਇਬਰੇਰੀ ਜਾਂ ਸਕੂਲ ਦੇ ਅਜਿਹੇ ਕਿਸੇ ਸਥਾਨ ਤੇ ਲਗਾਇਆ ਜਾਵੇ ਜਿਸ ਨੂੰ ਵਿਦਿਆਰਥੀ ਆਸਾਨੀ ਨਾਲ ਪੜ੍ਹ ਸਕਣ।

**7.0** ਸਕੂਲ ਮੁਖੀ ਬੱਚਿਆਂ ਦੀ ਗਿਣਤੀ ਅਨੁਸਾਰ ਇਸ ਕੰਮ ਲਈ ਸਕੂਲ ਅੰਦਰ ਬਣੇ ਹਾਊਸ ਅਨੁਸਾਰ ਅਧਿਆਪਕਾਂ ਦੀ ਡਿਊਟੀ ਵੀ ਲਗਾ ਸਕਦੇ ਹਨ।

**ਵਧੀਕ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**

**ਪਿੱਠ ਅੰਕਣ ਨੰ.** ਉਕਤ **ਮਿਤੀ**: 09.05.2013

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ) ਪੰਜਾਬ।
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਪੰਜਾਬ।

**ਵਧੀਕ ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ**